ਨਵੀਂ ਦਿੱਲੀ,
22 ਜੂਨ, 2006

ਪਿਆਰੇ ਕਾਮਰੇਡ ਜੁਗਜੀਤ ਸਿੰਘ ਆਨੰਦ,

ਮੈਂ ਕਾਮਰੇਡ ਰੁਲਦੂ ਖਾਨ ਬਾਰੇ ਤੁਹਾਡੇ ਲੇਖ ਦਾ ਸਾਰ ਪੜ੍ਹਿਆ। ਉਹ ਸਾਡੀ ਪਾਰਟੀ ਦਾ ਹੁਤ ਵਧੀਆ ਕਾਮਰੇਡ ਸੀ, ਇੱਕ ਸਮਰਪਿਤ ਕਮਿਊਨਿਸਟ ਤੇ ਸਿਧਾਂਤਾਂ ਦਾ ਪੱਕਾ ਮਨੁੱਖ। ਰੇ ਹਿਸਾਬ ਨਾਲ ਉਸ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਤੁਸੀਂ ਕੁਝ ਅਜਿਹੀਆਂ ਗੱਲਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦੀ ਲੋੜ ਨਹੀਂ ਸੀ। ਸਵਾਲ ਇਹ ਨਹੀਂ ਕਿ ਕੌਣ ਕਿਹਦੇ ਨੇੜੇ ਆ ਰਿਹਾ ਹੈ। ਪਾਲਸੀਆਂ ਵਿਚਾਰੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਸੰਬੰਧ ਸਮੇਂ ਅਤੇ ਸਥਾਨ ਨਾਲ ਹੁੰਦਾ ਹੈ, ਉਨ੍ਹਾਂ ਹਾਲਾਤ ਨਾਲ, ਜਿਨ੍ਹਾਂ ਵਿੱਚ ਉਹ ਅਪਣਾਈਆਂ ਜਾਂਦੀਆਂ ਹਨ। ਜਿਨ੍ਹਾਂ ਸ਼ਖਸੀਅਤਾਂ ਦਾ ਤੁਸੀਂ ਜ਼ਿਕਰ ਕੀਤਾ ਹੈ, ਉਹ ਇਸ ਜਹਾਨ 'ਚੋਂ ਕੂਚ ਕਰ ਚੁੱਕੀਆਂ ਹਨ ਅਤੇ ਤੁਹਾਡੇ ਪ੍ਰਭਾਵਾਂ ਦੇ ਜੁਆਬ ਵਿੱਚ ਆਪਣਾ ਪੱਖ ਪੇਸ਼ ਨਹੀਂ ਕਰ ਸਕਦੀਆਂ।

ਮੈਨੂੰ ਆਸ ਹੈ ਕਿ ਜੋ ਮੈਂ ਕਿਹਾ ਹੈ, ਉਸ ਨੂੰ ਤੁਸੀਂ ਸਾਥੀਆਂ ਵਾਲੀ ਭਾਵਨਾ 'ਚ ਲਵੋਗੇ।

ਤੁਹਾਡੀ ਤੇ ਉਰਮਿਲਾ ਜੀ ਦੀ ਸਿਹਤ ਕੈਸੀ ਹੈ?

ਤੁਹਾਨੂੰ ਦੋਵਾਂ ਨੂੰ ਸਤਿਕਾਰ ਸਹਿਤ,

ਤੁਹਾਡਾ
ਏ ਬੀ ਬਰਧਨ,
(ਜਨਰਲ ਸਕੱਤਰ, ਸੀ ਪੀ ਆਈ)

Letters to the Editor Column

NZ 23/7/06

ਓਨਾ ਚਿਰ ਬਾਦਲ ਨਾਲ ਟੱਕਰ ਲੈਣ ਦੀ ਗੱਲ ਕਰਨਾ ਹੀ ਮਜ਼ਾਕ ਕਰਨ ਦੇ ਤੁੱਲ ਹੈ। ਉਨ੍ਹਾਂ ਕਿਹਾ ਕਿ ਸ੍ਰ: ਸਿਮਰਨਜੀਤ ਸਿੰਘ ਮਾਨ ਵੀ ਦੋਗਲੀ ਨੀਤੀ ਅਪਣਾਈ ਬੈਠੇ ਹਨ। ਇੱਕ ਪਾਸੇ ਤਾਂ ਬਾਦਲ ਦਾ ਵਿਰੋਧ ਕਰਨ ਦੀ ਗੱਲ ਕਰਦੇ ਹਨ, ਦੂਜਾ ਉਹ ਬਾਦਲ ਦੇ ਗੁੰਡੀਆਂ ਵੱਲੋਂ ਇਕੱਤਰਤਾ ਹੁਕਮਾਂ ਨੂੰ ਇਲਾਹੀ ਹੁਕਮ ਮੰਨ ਕੇ ਉਨ੍ਹਾਂ ਦੀ ਖੁਸ਼ਾਮਦੀ ਕਰਦੇ ਹਨ। ਉਨ੍ਹਾ ਕਿਹਾ ਕਿ ਸ੍ਰ: ਮਾਨ ਵੀ ਜਿੰਨਾ ਚਿਰ ਤੱਕ ਆਪਣੀ ਦੋਗਲੀ ਨੀਤੀ ਨਹੀਂ ਬਦਲਦੇ, ਤਾਂ ਓਨਾ ਚਿਰ ਤੱਕ ਉਨ੍ਹਾ ਦਾ ਕੁਝ ਨਹੀਂ ਬਣਨਾ।

ਭਾਈ ਰਣਜੀਤ ਸਿੰਘ ਨੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਭਾਵੇਂ ਤੁਹਾਡੀ ਗਿਣਤੀ ਘੱਟ ਹੈ, ਪਰ ਸਿੱਖ ਗੁਰੂਆਂ ਦੇ ਪੂਰਨਿਆਂ 'ਤੇ ਚੱਲਦਿਆਂ ਸਿੱਖ ਪੰਪਰਾਵਾਂ ਨੂੰ ਬਹਾਲ ਕਰਨ ਲਈ ਉਨ੍ਹਾਂ ਨੂੰ ਅੱਗੇ ਆਉਣਾ ਹੀ ਪਵੇਗਾ।

Kaur to P... Kaur ...

please note :300

I, DHARMPAL SINGH S/ SWARAN SINGH R/O 24 NEW MOHNI PARK, OP KHALSA COLLEGE AMRITSAR HAVE CHANGE MY MINOR SON'S' NAM FROM GURBIR SINGH T GURBIR SINGH SANDHU

(VUA

## ਬੇਦਖਲੀ ਨੋਟਿਸ

ਮੇਰਾ ਲੜਕਾ ਪੰਮਾ, ਨੂੰਹ ਦਰਸ਼ਨਾ ਮ ਕਹਿਣੇ ਵਿੱਚ ਨਹੀਂ ਹੈ। ਮੈਂ ਇਨ੍ਹਾਂ ਨੂੰ ਆਪਣ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕ ਦਿੱਤਾ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾ ਖੁਦ ਜ਼ਿੰਮੇਵਾਰ ਹੋਵੇਗਾ। ਜੋਗਿੰਦਰ ਪਾ ਪੁੱਤਰ ਸਵਰਨ ਦਾਸ, ਪਿੰਡ ਨੰਗਲ, ਕਾਲੋਨ ਤਹਿਸੀਲ ਫਗਵਾੜਾ (ਕਪੂਰਥਲਾ)। (

[illegible]

# ਤੱਥਾਂ ਦੀਆਂ ਕੁਝ ਗਲਤ ਬਿਆਨੀਆਂ

'ਨਵਾਂ ਜ਼ਮਾਨਾ' ਦੇ ਮੁੱਖ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਦੁਆਰਾ ਮਰਹੂਮ ਕਾਮਰੇਡ ਰੁਲਦੂ ਖਾਂ ਬਾਰੇ ਉਨ੍ਹਾਂ ਵੱਲੋਂ ਲਿਖੇ ਗਏ ਲੇਖ ਵਿੱਚ ਕੁਝ ਅਹਿਮ ਪਹਿਲੂਆਂ ਦੇ ਸਬੰਧ ਵਿੱਚ ਕੀਤੀਆਂ ਟਿੱਪਣੀਆਂ ਸਿਰਫ ਗਲਤ ਹੀ ਨਹੀਂ, ਸਗੋਂ ਬਹੁਤ ਜ਼ਿਆਦਾ ਅਫਸੋਸਨਾਕ ਵੀ ਹਨ।

ਕਾਮਰੇਡ ਜਗਜੀਤ ਸਿੰਘ ਆਨੰਦ ਅਨੁਸਾਰ "1963-64 ਵਿੱਚ ਸੀ ਪੀ ਆਈ ਦੇ ਦੋਫਾੜ ਹੋਣ ਪਿੱਛੋਂ ਪੰਜਾਬ ਵਿੱਚ ਸਾਡੀ ਪਾਰਟੀ ਰਾਜਨੀਤਕ ਤੌਰ 'ਤੇ ਤਿੰਨ ਧੜਿਆਂ ਵਿੱਚ ਵੰਡੀ ਗਈ। ਇਸ ਦਾ ਮਤਲਬ ਹੈ ਕਿ ਤਿੰਨ ਗਰੁੱਪ ਜਾਂ ਤਿੰਨ ਰੁਝਾਨ ਪੈਦਾ ਹੋ ਗਏ। ਪਹਿਲੇ ਦਾ ਸਬੰਧ ਸੂਬਾ ਸਕੱਤਰ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨਾਲ ਸੀ। ਦੂਸਰੇ ਧੜੇ ਨੇ ਕਾਮਰੇਡ ਸੱਤਿਆਪਾਲ ਡਾਂਗ ਦੀ ਅਗਵਾਈ ਕਬੂਲ ਲਈ ਅਤੇ ਤੀਸਰਾ ਕਾਂਗਰਸ-ਪੱਖੀ ਵਜੋਂ ਜਾਣਿਆ ਗਿਆ ਧੜਾ ਆਨੰਦ ਨਾਲ ਮਿਲਵਰਤਣ ਕਰ ਰਿਹਾ ਸੀ।

"ਮਲਹੋਤਰਾ ਜੀ ਰਾਸ਼ਟਰੀ ਕਾਰਜਕਾਰਨੀ ਦੀ ਪ੍ਰਤੀਨਿਧਤਾ ਕਰਦੇ ਸਨ ਅਤੇ ਬਾਅਦ ਵਿੱਚ ਉਹ ਰਾਸ਼ਟਰੀ ਸਕੱਤਰੇਤ ਦੇ ਮੈਂਬਰ ਵੀ ਬਣ ਗਏ। ਡਾਂਗ ਜੀ ਆਪਣੇ ਗੜ੍ਹ ਛੇਹਰਟਾ ਨੂੰ ਕਿਸੇ ਵੀ ਹਾਲਤ ਵਿੱਚ ਛੱਡਣ ਲਈ ਤਿਆਰ ਨਹੀਂ ਸਨ। ਕਾਮਰੇਡ ਰੁਲਦੂ ਖਾਂ, ਸੱਤਿਆਪਾਲ ਡਾਂਗ ਦੀ ਸੋਚ ਵਾਲਾ ਹੀ ਸੀ।

ਮਾਸਟਰ ਹਰੀ ਸਿੰਘ ਅਤੇ ਬਾਬਾ ਗੁਰਮੁਖ ਸਿੰਘ ਨੇ ਰਣਧੀਵੇ ਲਾਈਨ ਚੁਣ ਲਈ ਜਿਹੜੀ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਦੇ ਹੱਕ ਵਿੱਚ ਸੀ, ਪਰ ਬਾਅਦ ਵਿੱਚ ਮਾਸਟਰ ਜੀ ਰਾਜਨੀਤਕ ਤੌਰ 'ਤੇ ਮੇਰੀ ਸੋਚ ਦੇ ਨੇੜੇ ਆ ਗਏ। ਬਾਬਾ ਜੀ ਅਤੇ ਮੈਂ ਖੁਦ ਜਿਹੜੇ ਕਿ ਸੁਰਜੀਤ ਦੀਆਂ ਸਾਜ਼ਿਸ਼ਾਂ ਤੋਂ ਅੱਕੇ ਹੋਏ ਸਾਂ, ਨੇ ਇਕੱਠਿਆਂ ਕੰਮ ਕੀਤਾ ਭਾਵੇਂ ਕਿ ਬਾਬਾ ਜੀ ਸਦਾ ਜਲਦੀ ਇਨਕਲਾਬ ਆਉਣ ਦੀ ਕਾਹਲ ਵਿੱਚ ਰਹਿੰਦੇ ਸਨ। ਕਾਮਰੇਡ ਰੁਲਦੂ ਖਾਂ ਅੰਦਰੂਨੀ ਪਾਰਟੀ ਸੰਘਰਸ਼ ਦੇ ਮਾਮਲੇ ਵਿੱਚ ਅਕਸਰ ਹੀ ਡਾਂਗ ਜੀ ਨਾਲ ਖਲੋਂਦੇ ਸਨ, ਪਰ ਸਮੇਂ ਦੇ ਲੰਘਣ ਨਾਲ ਉਹ ਅਤੇ ਮੈਂ ਇੱਕ-ਦੂਜੇ ਦੇ ਬਹੁਤ ਨੇੜੇ ਆ ਗਏ।"

ਮੇਰੇ ਖਿਆਲ ਵਿੱਚ ਉਪਰੋਕਤ ਵਿਸ਼ਲੇਸ਼ਣ ਪੂਰੀ ਤਰ੍ਹਾਂ ਅੰਤਰਮੁਖੀ ਹੈ, ਕੁਝ ਟਿੱਪਣੀਆਂ ਵਿੱਚ ਗੱਲਾਂ ਨੂੰ ਵਧਾ-ਚੜ੍ਹਾ ਕੇ ਵੀ ਪੇਸ਼ ਕੀਤਾ ਗਿਆ ਹੈ। ਇਸ ਤੋਂ ਅੰਦਰੂਨੀ ਪਾਰਟੀ ਸਥਿਤੀ ਬਾਰੇ ਸਹੀ ਪੁਜ਼ੀਸ਼ਨ ਦੀ ਝਲਕ ਨਹੀਂ ਮਿਲਦੀ। ਇਸ ਸਭ ਕਾਸੇ ਤੋਂ ਇਲਾਵਾ ਲੇਖ, ਜਿਹੜਾ ਕਿ ਕਾਮਰੇਡ ਰੁਲਦੂ ਖਾਂ ਦੀ ਮੌਤ ਦੇ ਫੌਰੀ ਬਾਅਦ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਲਿਖਿਆ ਗਿਆ ਸੀ, ਉਨ੍ਹਾਂ ਦੇ ਗੁਣਾਂ ਨੂੰ ਬਹੁਤ ਘਟਾ ਕੇ ਪੇਸ਼ ਕਰਦਾ ਹੈ।

ਕਾਮਰੇਡ ਰੁਲਦੂ ਖਾਂ ਸਿਰਫ ਖੇਤ ਮਜ਼ਦੂਰਾਂ ਦਾ ਹੀ ਨਹੀਂ, ਸਗੋਂ ਪਾਰਟੀ ਦਾ ਵੀ ਇੱਕ ਅਸੂਲਾਂ ਵਾਲਾ ਲੀਡਰ ਸੀ। ਉਹ ਅਸੂਲਾਂ 'ਤੇ ਸਮਝੌਤਾ ਕਰਨ ਦੇ ਵਿਰੁੱਧ ਸੀ। ਉਹ ਸਦਾ ਉਹੀ ਕਹਿੰਦੇ ਸਨ, ਜੋ ਉਨ੍ਹਾਂ ਨੂੰ ਸਹੀ ਜਾਪਦਾ ਸੀ। ਭਾਵੇਂ ਕਿ ਉਹ ਵੀ ਸਾਡੇ ਸਾਰਿਆਂ ਵਾਂਗ ਹੀ ਸੀ, ਜਿਹੜੇ ਸਦਾ ਆਪਣੇ-ਆਪ ਨੂੰ ਹੀ ਪੂਰੀ ਤਰ੍ਹਾਂ ਦਰੁੱਸਤ ਸਮਝਦੇ ਹਾਂ, ਜਿਹੜੇ ਕਦੇ ਕੋਈ ਗਲਤੀ ਨਹੀਂ ਕਰਦੇ।

ਅਜਿਹੇ ਰੂਪ ਵਿੱਚ ਲੇਖ ਵਿੱਚ ਇਹ ਪ੍ਰਭਾਵ ਦਿੱਤਾ ਗਿਆ ਹੈ ਕਿ ਕਾਮਰੇਡ ਰੁਲਦੂ ਖਾਂ ਸੰਭਾਵਤ ਤੌਰ ਤੇ ਰਾਜਨੀਤਕ ਤੌਰ 'ਤੇ ਲੇਖਕ ਦੇ ਨੇੜੇ ਆ ਰਿਹਾ ਸੀ, ਭਾਵੇਂ ਕਿ ਇਸ ਨੂੰ ਸਪੱਸ਼ਟ ਤੌਰ 'ਤੇ ਬਿਆਨ ਨਹੀਂ ਕੀਤਾ ਗਿਆ।

ਇਹ ਦਾਅਵਾ ਕਰਨਾ ਕਿ ਮਰਹੂਮ ਮਾਸਟਰ ਹਰੀ ਸਿੰਘ ਰਾਜਨੀਤਕ ਤੌਰ 'ਤੇ ਕਾਮਰੇਡ ਆਨੰਦ ਦੇ ਨੇੜੇ ਆ ਗਿਆ ਸੀ, ਮੇਰੇ ਖਿਆਲ ਵਿੱਚ ਗਲਤ ਹੈ। ਜੋ ਢੁਕਵਾਂ ਹੁੰਦਾ ਉਹ ਇਹ ਸੀ ਕਿ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਵਿੱਚ ਕਾਮਰੇਡ ਰੁਲਦੂ ਖਾਂ ਦੀ ਸਹਾਇਤਾ ਕਰਨ ਤੇ ਮਾਰਗ-ਦਰਸ਼ਨ ਕਰਨ ਵਿੱਚ ਉਨ੍ਹਾਂ ਵੱਲੋਂ ਨਿਭਾਈ ਗਈ ਭੂਮਿਕਾ ਮਹਾਨ ਸੀ, ਜਿਸ ਦਾ ਜ਼ਿਕਰ ਕੀਤਾ ਜਾਣਾ ਚਾਹੀਦਾ ਸੀ। ਉਹ ਅਤੇ ਬਾਬਾ ਗੁਰਮੁਖ ਜੀ ਵਿਰੋਧੀ ਧਰੁਵ ਸਨ, ਬਾਰੇ ਵੀ ਕਿਹਾ ਗਿਆ ਹੈ ਕਿ ਉਹ ਇਕੱਠੇ ਰੂਪ ਵਿੱਚ ਕੰਮ ਕਰਨ ਲਈ ਇੱਕ-ਦੂਜੇ ਦੇ ਨੇੜੇ ਆ ਰਹੇ ਇਸ ਲੇਖ ਵਿੱਚ ਇਸ ਸਭ ਕਾਸੇ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸੀ।

**ਸੱਤਪਾਲ ਡਾਂਗ**

N2 16/7/2006

# ਦੋ ਸ਼

ੇ ਤੁਰ ਜਾਣ ਵਾਲੇ ਸ੍ਰ. ਪ੍ਰਭਜਿੰਦਰ ਸਿੰਘ ਡਿੰਪੀ ਦਾ ਆਪਣੇ ਜੱਦੀ ਜ਼ਿਲ੍ਹੇ
ਡੀਗੜ੍ਹ, ਹਿਮਾਚਲ ਪ੍ਰਦੇਸ਼, ਬਿਹਾਰ, ਉਤਰਾਂਚਲ ਪ੍ਰਦੇਸ਼ ਅਤੇ ਉੱਤਰ ਪ੍ਰ
ਹਾ ਕਿਸੇ ਵੱਡੇ ਸਿਆਸੀ ਆਗੂ ਦੇ ਹਿੱਸੇ ਵੀ ਨਹੀਂ ਆਇਆ।
ੀਆਂ ਦੁਸ਼ਵਾਰੀਆਂ ਦੇ ਚੱਲਦਿਆਂ ਭਾਵੇਂ ਉਸ ਦੇ ਨਾਂਅ ਨਾਲ ਕਈ ਨਾ
ਾਢੇ ਚਾਰ ਦਹਾਕਿਆਂ ਦੀ ਛੋਟੀ ਉਮਰ ਦੌਰਾਨ ਆਮ ਲੋਕਾਂ ਵੱਲੋਂ ਏਨ
ਨਕ ਹਮਲੇ ਦੀ ਵਜ੍ਹਾ ਕਾਰਨ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਹੋਈ ਉਸ
ੜਕ 'ਤੇ ਸਥਿਤ ਪਿੰਡ ਚੰਦਭਾਨ ਵਿਖੇ ਅੱਜ ਡਿੰਪੀ ਦੀ ਅੰਤਿਮ ਅਰ
ਰ ਉਸ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ।

Letters to the Editor
[illegible]

# ਬਹੁਤ ਗ਼ਲਤ ਕੀਤਾ ਅਸੀਂ

N.Z 8/12/91.

ਸੰਤੋਖ ਸਿੰਘ ਧੀਰ

ਬਹੁਤ ਗ਼ਲਤ ਕੀਤਾ ਅਸੀਂ
ਜਿਹੜਾ ਜ਼ਾਰ ਨੂੰ ਮਾਰਿਆ
ਕਿਉਂਕਿ ਫੇਰ ਆਪ ਸਾਨੂੰ
ਜ਼ਾਰ ਬਣਨਾ ਪੈ ਗਿਆ ।

ਜ਼ਾਰ ਚਾਹੁੰਦੇ ਸਨ
ਸੂਰਜ ਜੋ ਚੜ੍ਹਨ
ਸਾਨੂੰ ਪੁੱਛ ਪੁੱਛ ਚੜ੍ਹਨ,
ਫੇਰ ਅਸੀਂ ਆਏ
ਸੂਰਜਾਂ ਨੂੰ ਆਖਿਆ
ਪੁੱਛ ਪੁੱਛ ਚੜ੍ਹੋ
ਕਿੰਨਾ ਕੁ ਚਮਕਣਾ ਹੈ
ਪੁੱਛ ਪੁੱਛ ਚਮਕੋ ।

ਜ਼ਾਰ ਦੀ ਤਲਵਾਰ
ਕਤਲਗਾਹਾਂ ਦਾ ਸ਼ਿੰਗਾਰ
[...]ੀ ਉਤੇ ਟੰਗੀ
ਅਸੀਂ ਖੂੰਟੀ ਉਤੋਂ ਲਾਹੀ
ਤੇ ਭਾਰਤ ਦੀ ਦੁਲਹਨ ਵਾਂਗ
ਲਾਲ ਸੂਹੇ ਰੰਗਾਂ ਨਾਲ
ਕਤਲਗਾਹ ਸ਼ਿੰਗਾਰੀ ।

ਬਹੁਤ ਗ਼ਲਤ ਕੀਤਾ ਅਸੀਂ
ਜਿਹੜਾ ਜ਼ਾਰ ਨੂੰ ਮਾਰਿਆ
ਕਿਉਂਕਿ ਫੇਰ ਆਪ ਸਾਨੂੰ
ਜ਼ਾਰ ਬਣਨਾ ਪੈ ਗਿਆ ।

ਜ਼ਾਰ ਚਲੇ ਗਏ
ਤਾਜਾਂ ਵਿੱਚ ਜੜੇ
ਹੀਰੇ ਉਦਾਸ ਹੋ ਗਏ
ਸਾਨੂੰ ਉਹਨਾਂ ਹੀਰਿਆਂ ਦਾ
ਦਿਲ ਪਰਚਾਉਣਾ ਪੈ ਗਿਆ
ਤਾਜ ਤਾਂ ਹੁਣ ਸਨ ਨਹੀਂ
ਅਸੀਂ ਉਹਨਾਂ ਹੀਰਿਆਂ ਨੂੰ
ਜੁੱਤੀਆਂ 'ਤੇ ਜੜ ਲਿਆ ।

ਹਉਮੈ-ਹੰਕਾਰ
ਨਹੀਂ, ਪੰਜੇ ਹੀ ਵਿਕਾਰ
ਸੰਗਵਾਨ ਬੈਠੇ ਸਨ
ਚਲੇ ਗਏ ਜ਼ਾਰ,
ਅਸੀਂ ਉਹਨਾਂ ਪੰਜਾਂ ਦੇ ਹੀ
ਹੰਝੂਆਂ ਨੂੰ ਪੂੰਝਿਆ
ਗਲੇ ਨਾਲ ਲਾਇਆ
ਤੇ ਫੇਰ ਆਪਣੇ ਖ਼ੂਨ ਦੀਆਂ
ਨਾੜਾਂ ਵਿੱਚ ਪਾ ਲਿਆ

ਬਹੁਤ ਗ਼ਲਤ ਕੀਤਾ ਅਸੀਂ
ਜਿਹੜਾ ਜ਼ਾਰ ਨੂੰ ਮਾਰਿਆ
ਕਿਉਂਕਿ ਫੇਰ ਆਪ ਸਾਨੂੰ
ਜ਼ਾਰ ਬਣਨਾ ਪੈ ਗਿਆ ।
(18 ਸਤੰਬਰ 1991)

Cheque No = 886230

# ਪੰਜਾਬ ਸੂਬਾ ਕੌਂਸਲ

2005

## ਭਾਰਤੀ ਕਮਿਊਨਿਸਟ ਪਾਰਟੀ

ਅਜੈ ਭਵਨ, 345, ਸੈਕਟਰ 21-ਏ, ਚੰਡੀਗੜ੍ਹ

No. 35532

ਮਿਤੀ 15/4/2008

ਸ੍ਰੀ Com. Satya Pal Dang ਜੀ ਤੋਂ ਰਕਮ

ਅੱਖਰਾਂ ਵਿਚ Ten Thousand only.

ਧੰਨਵਾਦ ਸਹਿਤ ਵਸੂਲ ਪਾਏ।

ਜ਼ਿਲਾ Fund.

Rs. 10000/-

Joginder Pal

ਸਕੱਤਰ ਪੰਜਾਬ ਸੂਬਾ ਕੌਂਸਲ

Namaskar Ji

Dear Com. Satya Pal Dang Ji

Detail as under which cheques have been Received By. City committee C.P.I. ~~Asr~~

| Date | Cheque No = | Receipt No = | Amount |
|---|---|---|---|
| 8-10-2007 = | 969266 = | 35526 = | 10000/- |
| 9-11-2007 = | 969278 = | 35527 = | 10000/- |
| 27-12-2007 = | 969283 = | 35528 = | 10000/- |

— January 2008 —

— Febuary 2008 —

Rs. 10,000/-
For ~~March~~ Jan 2008
vide cheque 969296
dt 16/2/2008

Rs 10,000/- —
cheque dated 29/2/2008
in favour of City Committee CPI
Sent thru Master Mulk Raj
For Feb or March ?

With most Respectfuly

Joginder Lal

Ekta Bhawan
Putlighar
ASR

(PTO)

cheque for Rs. 10,000/- for March 2008
Receipt No. 35531 dt ~~X~~ 6.03.08
= cheque for April 2008 also sent.
Receipt no. 35532 dt 15/4/2008
Rs. 10,000/-